(ਉਸੇ ਨੰਬਰ ਅਤੇ ਮਿਤੀ ਦੇ ਬਦਲ ਵਿਚ)

ਦਫਤਰ:-ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਐਸ.ਏ.ਐਸ. ਨਗਰ

(ਸੇਵਾਵਾਂ ਪ੍ਰਾਇਮਰੀ ਸ਼ਾਖਾ)

ਹੁਕਮ ਨੰਬਰ:-04/04-2018-ਸੇਵਾਵਾਂ ਪ੍ਰਾਇਮਰੀ (4)/5528-32

ਮਿਤੀ ਐਸ.ਏ.ਐਸ. ਨਗਰ:- 23/04/2018

ਰਾਜ ਦੇ ਪ੍ਰਾਇਮਰੀ ਸਕੂਲਾਂ ਦੇ ਨਿਰੀਖਣ ਸਮੇਂ ਪਾਈਆਂ ਗਈਆਂ ਕਮੀਆਂ/ਊਣਤਾਈਆਂ/ ਬੇ-ਨਿਯਮੀਆਂ ਸਬੰਧੀ ਨਿਰੀਖਣ ਟੀਮਾਂ ਵਲੋਂ ਨਿਰੀਖਣ ਉਪਰੰਤ ਆਪਣੀਆਂ ਰਿਪੋਰਟਾਂ ਸਮਰੱਥ/ਉੱਚ ਅਧਿਕਾਰੀਆਂ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਰਿਪੋਰਟਾਂ ਦੇ ਸਨਮੁੱਖ ਮੁੱਢਲੇ ਤੌਰ ਤੇ ਦੋਸ਼ੀ ਪਾਏ ਗਏ ਅਧਿਆਪਕਾਂ ਵਿਰੁੱਧ ਬਣਦੀ ਕਾਰਵਾਈ ਕਰਨ ਸਬੰਧੀ ਕਾਫੀ ਸਮਾਂ ਨਸ਼ਟ ਹੋ ਜਾਂਦਾ ਹੈ।

ਇਸ ਸਮੇਂ ਐਲੀਮੈਂਟਰੀ ਵਿੰਗ ਦੇ ਟੀਚਿੰਗ ਸਟਾਫ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਅਨੁਸਾਰ ਕਾਰਵਾਈ ਕਰਨ ਲਈ ਇਸ ਵੇਲੇ ਕੇਵਲ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੀ ਸਮਰੱਥ ਅਧਿਕਾਰੀ ਹਨ।

ਉਪਰੋਕਤ ਦੇ ਸਨਮੁੱਖ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 10 ਅਧੀਨ ਟੀਚਿੰਗ ਸਟਾਫ ਦੇ ਦੋਸ਼ੀ ਪਾਏ ਗਏ ਅਧਿਆਪਕਾਂ ਨੂੰ ਪਾਈਆਂ ਗਈਆਂ ਊਣਤਾਈਆਂ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕਰਨ ਲਈ ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਦੇ ਨਾਲ-ਨਾਲ ਸਬੰਧਤ ਜਿਲ੍ਹੇ ਵਿਚ ਤੈਨਾਤ ਜਿਲ੍ਹਾ ਸਿਖਿਆ ਅਫਸਰ (ਸੈ:ਸਿ:), ਉਪ ਜਿਲ੍ਹਾ ਸਿਖਿਆ ਅਫਸਰ (ਐ:ਸਿ: ਅਤੇ ਸੈ:ਸਿ:), ਡਾਈਟ ਪ੍ਰਿੰਸੀਪਲ, ਅਤੇ ਸਬੰਧਤ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਨੂੰ ਪਾਵਰਾਂ ਡੈਲੀਗੇਟ ਕੀਤੀਆਂ ਜਾਂਦੀਆਂ ਹਨ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਤੋਂ ਇਲਾਵਾ ਹੋਰ ਸਾਰੇ ਅਧਿਕਾਰੀ ਸਹਿਬਾਨ ਕੇਵਲ ਨਿਯਮਾਂ ਅਨੁਸਾਰ ਕਾਰਨ ਦੱਸੋ ਨੋਟਿਸ ਜਾਰੀ ਕਰਦੇ ਹੋਏ ਉਸ ਦੀ ਕਾਪੀ ਤੁਰੰਤ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਨੂੰ ਭੇਜਣਗੇ, ਜਿਸ ਦੇ ਸੰਨਮੁੱਖ ਨਿਯਮਾਂ ਅਨੁਸਾਰ ਬਣਦੀ ਸਮੁੱਚੀ ਕਾਰਵਾਈ ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਵਲੋਂ ਹੀ ਕੀਤੀ ਜਾਵੇਗੀ।

ਇਹ ਹੁਕਮ ਤਤਕਾਲ ਲਾਗੂ ਹੋਣਗੇ।

ਕ੍ਰਿਸ਼ਨ ਕੁਮਾਰ, ਆਈ.ਏ.ਐਸ
ਸਕੱਤਰ ਪੰਜਾਬ ਸਰਕਾਰ
ਸਕੂਲ ਸਿਖਿਆ ਵਿਭਾਗ

ਪਿੱਠ ਅੰਕਣ ਨੰਬਰ:-ਉਕਤ 5528-32 **ਮਿਤੀ ਮੋਹਾਲੀ:-** 23/4/18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਐ:ਸਿ:)।
2. ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ:)।
3. ਰਾਜ ਦੇ ਸਮੂਹ ਉਪ ਜਿਲ੍ਹਾ ਸਿਖਿਆ ਅਫਸਰ (ਐ:ਸਿ:)/ਸੈ:ਸਿ:)।
4. ਰਾਜ ਦੀਆਂ ਸਮੂਹ ਜਿਲ੍ਹਿਆਂ ਦੀਆਂ ਡਾਇਟਾਂ ਦੇ ਪ੍ਰਿੰਸੀਪਲਜ਼।
5. ਰਾਜ ਦੇ ਸਮੂਹ ਜਿਲ੍ਹਿਆਂ ਦੇ ਬਲਾਕ ਪ੍ਰਾਇਮਰੀ ਸਿਖਿਆ ਆਫੀਸਰਜ਼।

ਡਾਇਰੈਕਟਰ ਸਿਖਿਆ ਵਿਭਾਗ(ਐ:ਸਿ:) ਪੰਜਾਬ